# ਯਾਦਵਿੰਦਰਾ ਇੰਜਨੀਅਰਿੰਗ ਵਿਭਾਗ ਤਲਵੰਡੀ ਸਾਬੋ ਵੱਲੋਂ 58ਵਾਂ ਇੰਜਨੀਅਰਿੰਗ ਦਿਵਸ ਮਨਾਇਆ ਗਿਆ

ਆਰਟੀਫਿਸ਼ਅਲ ਇੰਟੈਲੀਜੈਂਸ ਅਤੇ ਸਾਈਬਰ ਸਕਿਉਰਟੀ ਵਰਗੇ ਮਹੱਤਵਪੂਰਨ ਵਿਸ਼ੇ ਅਤੇ ਨਵੀਨਤਮ ਤਕਨੀਕਾਂ ਨੂੰ ਅਪਣਾਉਂਦੇ ਹੋਏ ਯਾਦਵਿੰਦਰਾ ਇੰਜੀਨੀਅਰਿੰਗ ਵਿਭਾਗ ਵੱਲੋਂ 58ਵਾਂ ਇੰਜਨੀਅਰਿੰਗ ਦਿਵਸ ਮਨਾਇਆ ਗਿਆ। ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਡਾ. ਕਮਲਜੀਤ ਸਿੰਘ ਡਾਇਰੈਕਟਰ ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਤਲਵੰਡੀ ਸਾਬੋ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ ਯਾਦਵਿੰਦਰਾ ਇੰਜੀਨੀਅਰਿੰਗ ਵਿਭਾਗ ਦੇ ਮੁਖੀ ਪ੍ਰੋ. (ਡਾ.) ਨਵਦੀਪ ਗੋਇਲ ਨੇ ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਅਤੇ ਸਾਰੀਆਂ ਭਾਗੀਦਾਰ ਸ਼ਖਸ਼ੀਅਤਾਂ ਦਾ ਸਵਾਗਤ ਕੀਤਾ । ਇਸ ਮੌਕੇ  ਭਾਰਤ ਦੇ ਪਹਿਲੇ ਇੰਜੀਨੀਅਰ ਭਾਰਤ ਰਤਨ ਐਮ ਵਿਸਵੇਸਵਰਾਇਆ ਦੇ ਜੀਵਨ ਅਤੇ ਯੋਗਦਾਨ ਤੇ ਕੇਂਦਰੀਤ ਤਕਨੀਕੀ ਸੈਮੀਨਾਰ ਮੁਕਾਬਲੇ , ਕਵੀਜ਼ ਕੰਪੀਟੀਸ਼ਨ, ਇੰਟਰਵਿਊ, ਡਿਬੇਟ ਅਤੇ ਸਕਿਟ ਦਾ ਆਯੋਜਨ ਕਰਵਾਇਆ। ਪ੍ਰੋਫੈਸਰ ਸਿੰਪਲ ਜਿੰਦਲ ਅਤੇ ਡਾ. ਮਨਪ੍ਰੀਤ ਕੌਰ ਇਸ ਪ੍ਰੋਗਰਾਮ ਦੇ ਕੋਆਰਡੀਨੇਟਰ ਅਤੇ ਕੋਆਰਡੀਨੇਟਰ ਸਨ। ਕੁਇਜ, ਡਿਬੇਟ, ਪੀਪੀਟੀ ਅਤੇ ਇੰਟਰਵਿਊ ਮੁਕਾਬਲਿਆਂ ਵਿੱਚ ਕਰਮਵਾਰ ਹਰਸ਼ ਦੀ ਟੀਮ ਜਪਜੋਤ ਸਿੰਘ , ਚੇਤਨਾ ਸ਼ਰਮਾ , ਅਰਸ਼ਪ੍ਰੀਤ ਕੌਰ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।  ਉਪਰੋਕਤ ਮੁਕਾਬਲਿਆ ਵਿੱਚ ਡਾ. ਰਜਿੰਦਰ ਕੁਮਾਰ, ਡਾ. ਕੈਂਡੀ ਗੋਇਲ, ਡਾ. ਸੁਮੀਤ ਕੌਰ, ਡਾ. ਦੀਪਕ ਭੰਡਾਰੀ, ਸ੍ਰੀਮਤੀ ਗੁਰਵਿੰਦਰ ਕੌਰ, ਸ੍ਰੀ ਤੇਜਿੰਦਰ ਸਿੰਘ, ਡਾ. ਪ੍ਰਦੀਪ ਕੁਮਾਰ, ਡਾ. ਰਾਜਨ ਗੋਇਲ ਵੱਲੋਂ ਜੱਜਮੈਂਟ ਦੀ ਭੂਮਿਕਾ ਨਿਭਾਈ ਗਈ। ਸਕਿੱਟ ਦਾ ਆਯੋਜਨ ਬੀਟੈਕ ਵਿਦਿਆਰਥਨ ਸੁਕਿਰਤੀ ਸ਼ਰਮਾ ਅਤੇ ਮਕਾਇਲ ਜਫਰ ਦੇ ਨਿਰਦੇਸ਼ਣ ਹੇਠ ਹੋਇਆ । ਚੇਤਨਾ ਸ਼ਰਮਾ ਅਤੇ ਸ਼ੁਭਨੀਤ ਸਿੰਘ ਨੇ ਇਸ ਪ੍ਰੋਗਰਾਮ ਦੇ ਸੰਚਾਲਕ ਵਜੋਂ ਕੰਮ ਕੀਤਾ। ਇਸ ਮੌਕੇ ਤੇ ਕੈਂਪਸ ਦੇ ਡਾਇਰੈਕਟਰ ਡਾ. ਕਮਲਜੀਤ ਸਿੰਘ ਵੱਲੋਂ ਯਾਦਵਿੰਦਰਾ ਇੰਜੀਨੀਅਰਿੰਗ ਵਿਭਾਗ ਦੇ ਵਿਦਿਆਰਥੀਆਂ ਲਈ ਡਾ.ਪ੍ਰਦੀਪ ਜਿੰਦਲ ਅਤੇ ਇੰਜੀ. ਰਾਮ ਸਿੰਘ ਦੇ ਨਿਰਦੇਸ਼ਣ ਹੇਠ ਬਣਾਈ ਗਈ ਈ-ਲਾਈਬਰੇਰੀ ਦਾ ਉਦਘਾਟਨ ਕੀਤਾ। ਪ੍ਰੋਗਰਾਮ ਦੇ ਅਖੀਰ ਵਿੱਚ ਡਾ. ਮਨਪ੍ਰੀਤ ਕੌਰ ਨੇ ਪ੍ਰੋਗਰਾਮ ਸਫਲਤਾ ਸਹਿਤ ਨੇਪਰੇ ਚੜ੍ਹਨ ਤੇ ਧੰਨਵਾਦ ਕੀਤਾ।


The engineer has been and is a maker of history
Engineers Day
QUIZ


The engineer has been and is a maker of history
Engineers Day
GROUP


Engineers Day




Engineers Day
The engineer has been and is a maker of history


Engineers Day


Engineers Day


Engineers Day